# Code No. 609

**CLASS :9th (Ninth)** **Series : 9-M/2018**

ਰੋਲਨੰ. ☐☐☐☐☐☐☐☐☐☐

## ਪੰਜਾਬੀ

## PUNJABI

(Only for Fresh/School Candidates)

*ਸਮਾਂ: **3**ਘੰਟੇ]* *[ਕੁਲ ਅੰਕ: **80***

---

- *ਕ੍ਰਿਪਆਜਾਂਚਕਰਲਓਕਿਇਸ ਪ੍ਰਸਨ-ਪੱਤਰਵਿੱਚਛੱਪੇ ਪੰਨਿਆ ਦੀ ਸੰਖ਼ਿਆ**7** ਅਤੇ ਪ੍ਰਸ਼ਨ**13**ਹਨ।*
- *ਪ੍ਰਸ਼ਨ-ਪੱਤਰਵਿੱਚਸਭਤੋਂ ਉੱਪਰਦਿੱਤੇ ਹੋਏ **ਕੋਡਨੰ.**ਨੂੰਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆਪ੍ਰਸ਼ਨਦਾਉੱਤਰਲਿਖ਼ਣਾ ਸ਼ੁਰੂ ਕਰਨਤੋਂਪਹਿਲਾਂਪ੍ਰਸ਼ਨਦਾਕ੍ਰਮਾਂਕਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾਵਿੱਚ ਖ਼ਾਲੀਪੰਨਾ/ ਪੰਨੇਨਾਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾਕੋਈਹੋਰਸ਼ੀਟਨਹੀਂਮਿਲੇਗੀ। ਇਸ ਲਈ ਢੁਕਵੇਂ ਹੀਲਿਖ਼ੋ ਅਤੇ ਲਿਖ਼ਿਆ ਉੱਤਰ ਨਾਕੱਟੋ।*
- *ਪ੍ਰੀਖਿਆਰਥੀਆਪਣਾਰੋਲਨੰ.ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ।*
- *ਕ੍ਰਿਪਆਪ੍ਰਸ਼ਨਾਂਦਾ ਉੱਤਰ ਦੇਣ ਤੋਂਪਹਿਲਾਂਇਹ ਵੇਖ ਲੋ ਕਿਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦਇਸ ਸੰਬੰਧਵਿਚਕੋਈਵੀਦਾਅਵਾਨਹੀਂਮੰਨਿਆਜਾਏਗਾ।***

---

*ਨੋਟ : (ਹਿਦਾਇਤਾਉਹੀਲਈਆਂਜਾਣ ਜੋ ਦਸਵੀਂ ਦੇ ਪੇਪਰ ਵਿੱਚਦਿੱਤੀਆਂਹੋਈਆਂਹਨ)*

*ਸਾਰੇ ਪ੍ਰਸ਼ਨਕਰਨੇ ਜ਼ਰੂਰੀ ਹਨ।*

**ਭਾਗ– ੳ**

**1.** (ੳ) 'ਪਰ' ਅਗੇਤਰ ਤੋਂਇਕਸ਼ਬਦਬਣਾਓ। 1

(ਅ) 'ਪੰਡਤਾਣੀ' ਸ਼ਬਦਦਾਪਿਛੇਤਰਅਲੱਗਕਰੋ। 1

(ੲ) ਲਿੰਗਦੀ ਪਰਿਭਾਸ਼ਾਲਿਖੋ। 2

**2.** (ੳ) 'ਮਖੌਲ' ਸ਼ਬਦ ਦੇ ਦੋ ਸਮਾਨਾਰਥਕਸ਼ਬਦਲਿਖੋ। 1

(ਅ) 'ਅਜ਼ਾਦੀ' ਸ਼ਬਦਦਾਵਿਪਰੀਤਸ਼ਬਦਲਿਖੋ। 1

(ੲ) 'ਡੰਗ' ਸ਼ਬਦ ਦੇ ਦੋ ਵਾਕਇਸ ਤਰ੍ਹਾਂਬਣਾਉਕਿਦੋਹਾਂਦੇ ਵੱਖ-ਵੱਖਅਰਥਹੋਣ। 2

**3.** ਹੇਠਲਿਖੇ ਸ਼ਬਦਾਂ ਦੇ ਵਚਨਬਦਲੋ : 1 + 1 + 1

ਕੁੜੀ, ਸੂਚਨਾ, ਕੱਪੜਾ

**4.** ਹੇਠਲਿਖੇ ਮੁਹਾਵਰਿਆਂ ਅਤੇ ਅਖਾਣਾਂਵਿਚੋਂਕਿਸੇ ***ਤਿੰਨ*** ਦੀ ਵਾਕਾਂਵਿਚਵਰਤੋ ਕਰੋ : 3

(i) ਪੱਤਾਪੱਤਾਛਾਨਣਾ

(ii) ਵਾਸਤੇ ਘੱਤਣਾ

(iii) ਆਪਕਾਜ, ਮਹਾਂਕਾਜ

(iv) ਉਲਟੀਵਾੜ ਖੇਤ ਨੂੰ ਖਾਏ

**5.** 'ਮੇਹਨਤ' ਸ਼ਬਦ ਨੂੰ ਸ਼ੁੱਧਕਰਕੇ ਲਿਖੋ। 1

**6.** ਹੇਠ ਲਿਖੇ ਪੈਰੇ ਨੂੰ ਧਿਆਨਨਾਲਪੜ੍ਹ ਕੇ ਪੁੱਛੇ ਗਏ ਪ੍ਰਸ਼ਨਾ ਦੇ ਉੱਤਰ ਲਿਖੋ :

ਕੁਦਰਤ,ਵਿਗਿਆਨ, ਸਮਾਜ, ਸਾਹਿਤ, ਸਕੂਲ ਤੇ ਸੰਗਤਗਿਆਨਪ੍ਰਾਪਤੀ ਦੇ ਵੱਡੇ ਸਰੋਤ ਹਨ। ਕੁਦਰਤ ਨੂੰ ਗਹੁਨਾਲਵਾਚਿਆਂਬਹੁਤ ਕੁਝ ਸਿੱਖਿਆਜਾ ਸਕਦਾ ਹੈ। ਰੋਜ਼ਾਨਾ ਦੇ ਕਾਰਜਨਿਭਾਉਂਦਿਆਂਅਸੀਂ ਸਮਾਜ' ਚੋਂਕਾਫੀ ਕੁਝ ਸਿੱਖਦੇ ਰਹਿੰਦੇ ਹਾਂ। ਸ਼੍ਰੋਮਣੀਸਾਹਿਤਪੜ੍ਹਨਨਾਲਗਿਆਨਭੰਡਾਰਵਿਸ਼ਾਲ ਹੋ ਜਾਂਦਾ ਹੈ। ਪੁਸਤਕਾਂਮਨ ਦੇ ਬੰਦਦਰਵਾਜ਼ਿਆਂ ਨੂੰ ਖੋਲ੍ਹ ਕੇ ਮਨੁੱਖ ਨੂੰ ਨਵੇਂ-ਨਵੇਂ ਅਨੁਭਵਕਰਾ ਕੇ ਗਿਆਨ ਦੇ ਨਵੇਂ ਸੰਚਾਰਵਿੱਚਪਹੁੰਚਾਦਿੰਦੀਆਂਹਨ।ਚੰਗੀ ਸੰਗਤਨਾਲ ਜੁੜ ਕੇ ਸਾਰਥਕਵਿਚਾਰ-ਵਟਾਂਦਰਾਕਰਦਿਆਂਅਸੀਂਸਿਆਣੇ ਹੋ ਜਾਂਦੇ ਹਾਂ। ਸਵੈ-ਪੜਚੋਲਰਾਹੀਂਮਨੁੱਖਆਪਣੇ-ਆਪ ਨੂੰ ਦਰੁਸਤ ਕਰ ਸਕਦਾ ਹੈ।

(i) ਗਿਆਨਪ੍ਰਾਪਤੀ ਦੇ ਵੱਡੇ ਸਰੋਤ ਕਿਹੜੇ ਹਨ? 2

(ii) ਪੁਸਤਕਾਂ ਕੀ ਕਰਦੀਆਂਹਨ? 2

(iii) ਮਨੁੱਖਆਪਣੇ-ਆਪ ਨੂੰ ਕਿਵੇਂ ਦਰੁਸਤ ਕਰ ਸਕਦਾ ਹੈ ? 1

**7.** ਹੇਠਾਂਦਿੱਤੇ ਵਿਸ਼ਿਆਂਵਿਚੋਂਕਿਸੇਇਕਵਿਸ਼ੇ'ਤੇ ਲੇਖ ਲਿਖੋ : 5

(i) ਗੁਰੂ ਤੇਗ ਬਹਾਦਰਜੀ

(ii) ਵਧਰਹੀਆਬਾਦੀ

(iii) ਭਰੂਣ ਹੱਤਿਆ

(iv) ਵਾਯੂ ਪ੍ਰਦੂਸ਼ਣ

**8.** ਆਪਣੇ ਸਕੂਲ ਦੇ ਮੁੱਖਅਧਿਆਪਕ ਨੂੰ ਵਿਸ਼ਾਬਦਲਣਲਈ ਬੇਨਤੀਪੱਤਰਲਿਖੋ। 5

**ਜਾਂ**

ਆਪਣੀ ਸਹੇਲੀਜਾਂਮਿੱਤਰ ਨੂੰ ਗਰਮੀਦੀਆਂ ਛੁੱਟੀਆਂਇੱਕਠੇ ਬਤੀਤਕਰਨਲਈਇਕਚਿੱਠੀਲਿਖੋ।

**ਭਾਗ–ਅ**

**9.** (ੳ) (i) ਹੇਠ ਲਿਖੀਆਂਕਾਵਿ-ਸਤਰਾਂ ਦੀ ਪ੍ਰਸੰਗ ਸਹਿਤਵਿਆਖਿਆਕਰੋ : 5

ਹੋ ! ਅਜੇ ਸੰਭਾਲਇਸ ਸਮੇਂ ਨੂੰ,

ਕਰ ਸਫ਼ਲ ਉਡੰਦਾਜਾਂਵਦਾ।

ਇਹਠਹਿਰਣਜਾਚਨਾਜਾਣਦਾ,

ਲੰਘਗਿਆ ਨ ਮੁੜ ਕੇ ਆਵੰਦਾ।

**ਜਾਂ**

(ii) ਹੇਠ ਲਿਖੀਆਂਕਾਵਿ-ਸਤਰਾਂ ਦੇ ਆਧਾਰ'ਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਕੁਝ ਰੁੱਖ ਜਦ ਵੀਰਲ ਕੇ ਝੂਮਣ

ਤੇਜ਼ ਵਗਣ ਜਦ ਵਾਵਾਂ

ਸਾਵੀਬੋਲੀ ਸਭ ਰੁੱਖਾਂ ਦੀ

ਦਿਲਕਰਦਾਲਿਖਜਾਵਾਂ

ਮੇਰਾਵੀਦਿਲਕਰਦਾ ਏ

ਰੁੱਖ ਦੀ ਜੂਨੇ ਆਵਾਂ।

(I) ਜਦੋਂ ਤੇਜ਼ ਹਵਾਵਾਂਚਲਦੀਆਂਹਨਤਾਂਰੁੱਖ ਕੀ ਕਰਦੇ ਹਨ ?

(II) ਸਭ ਰੁੱਖਾਂ ਦੀ ਬੋਲੀਕਿਹੜੀ ਹੈ ?

(III) ਕਵੀਦਾਰੁੱਖਾਂ ਦੀ ਜੂਨ ਵਿਚਆਉਣ ਨੂੰ ਦਿਲਕਿਉਂ ਕਰਦਾ ਹੈ ?

(IV) ਕਾਵਿ-ਸਤਰਾਂਕਿਸ ਕਵਿਤਾ 'ਚੋਂਲਈਆਂਗਈਆਂਹਨ ?

(V) ਕਾਵਿ-ਸਤਰਾਂ ਦੇ ਕਵੀ ਦਾਨਾਂਲਿਖੋ।

(ਅ) ਕਵੀ ਨੇ 'ਪੰਜਾਬ'ਕਵਿਤਾਵਿਚ ਕੁੜੀਆਂ ਦੀ ਸੁੰਦਰਤਾਦਾਵਰਣਨਕੀਤਾ ਹੈ। ਉਸ ਨੂੰ ਆਪਣੇ ਸ਼ਬਦਾਂ'ਚ ਲਿਖੋ। 3

(ੲ) ਗੁਰੂ ਜੀਅਨੁਸਾਰਮਨੁੱਖਲਈ ਸਭ ਤੋਂਚੰਗਾ ਗੁਣ ਕਿਹੜਾ ਹੈ ? 1

(ਸ) ਬਿਰਹਾਤੋਂ ਕੀ ਭਾਵ ਹੈ ? 1

**10.** (ੳ) ਗੱਪਬਾਜ਼ ਨੇ ਲੇਖ ਵਿਚਕਿਹੜੇ ਜੰਗਲੀਜਾਨਵਰਨਾਲਲੜਨ ਦੀ ਗੱਪਮਾਰੀ ਤੇ ਉਸਨੇ ਕਿਹੜੀਕਹਾਣੀਘੜੀ ? 3

(ਅ) ਹੱਥਾਂ ਅਤੇ ਪੈਰਾਂਨਾਲਅਸੀਂਆਪਣੀਰੱਖਿਆਕਿਵੇਂ ਕਰ ਸਕਦੇ ਹਾਂ? 3

(ੲ) ਮਹਾਤਮਾ ਬੁੱਧ ਨੇ ਆਪਣੇ ਹੋਰਗਰੀਬਹੋਣਦਾ ਕੀ ਕਾਰਨਦੱਸਿਆ? 2

(ਸ) 'ਗੁੱਟ ਦਾਪੀਰ ਸਰਦਾਰ' ਕਿਸ ਨੂੰ ਕਿਹਾਗਿਆ ਹੈ? 1

(ਹ) ਬੁਲੇਟ ਟਰੇਨ ਸਭ ਤੋਂਪਹਿਲਾਂਕਿੱਥੇ ਸ਼ੁਰੂ ਹੋਈ? 1

**11.** (ੳ) ਵਿਦੇਸ਼ਾਂਵਿਚਰਹਿਰਹੇ ਪੰਜਾਬੀਆਂਬਾਰੇ ਕਹਾਣੀ ਦੇ ਆਧਾਰ'ਤੇ ਆਪਣੇ ਵਿਚਾਰਪ੍ਰਗਟਕਰੋ। 3

(ਅ) 'ਦੁੱਧ ਤੇ ਪੁੱਤ' ਕਹਾਣੀ ਦੇ ਸਿਰਲੇਖ ਤੋਂ ਕੀ ਭਾਵ ਹੈ? 3

(ੲ) ਸੱਦਾਸਿੰਘਅਕਾਲੀਕਿਹੋ ਜਿਹਾਆਦਮੀ ਸੀ? 2

(ਸ) 'ਸਤੀਆ ਸੇਈ' ਕਹਾਣੀਕਿਸ ਦੀ ਰਚਨਾ ਹੈ? 1

(ਹ) ਲੇਖਿਕਾਕਲਪਨਾਰਾਹੀਂਕਿਸ ਦੇ ਪਿੰਡਪਹੁੰਚਜਾਂਦੀ ਹੈ? 1

**12.** (ੳ) ਕਿਸ਼ਨ ਦੀ ਪਾਤਰਉਸਾਰੀਕਰੋ। 5

**ਜਾਂ**

ਕਰਤਾਰਾ ਕੀ ਇਨਸ਼ਾਫ਼ ਕਰਦਾ ਹੈ?

(ਅ) ਪਾਲਾਨਵੇਂ ਅਤੇ ਪੁਰਾਣੇ ਬੰਦਿਆਂ ਦੀ ਤੁਲਨਾਕਰਦਾਹੋਇਆ ਕੀ ਕਹਿੰਦਾ ਹੈ? 3

(ੲ) ਸੇਠ ਦੇ ਮੁਨਸ਼ੀਦਾਨਾਂਦੱਸੋ। 1

(ਸ) 'ਕਿਰਤਦਾ ਸਤਿਕਾਰ' ਇਕਾਂਗੀਕਿਸ ਦੀਰਚਨਾ ਹੈ? 1

**13.** (ੳ) ਕਰਤਾਰਸਿੰਘ ਸਰਾਭੇ ਦੇ ਮੁੱਢਲੇ ਜੀਵਨ 'ਤੇ ਰੋਸ਼ਨੀਪਾਉ। 3

(ਅ) ਪੱਤਰਕਾਰੀ ਦੇ ਖੇਤਰ ਵਿਚਮਲਟੀ-ਮੀਡੀਆਦਾ ਕੀ ਯੋਗਦਾਨ ਹੈ? 3

(ੲ) ਪਰਿਵਾਰਕਮਾਹੌਲਦਾ ਸਾਹਮਣਾਕਲਪਨਾ ਨੇ ਕਿਸ ਤਰ੍ਹਾਂਕੀਤਾ? 2

(ਸ) ਮਦਨਲਾਲਢੀਂਗਰਾਦਾਜਨਮਕਦੋਂਹੋਇਆ? 1

(ਹ) ਮਦਨਲਾਲਢੀਂਗਰਾ ਨੇ ਕਿਸ ਦਾਕਤਲਕੀਤਾ? 1